# ਪ੍ਰੈਸ ਨੋਟ

ਮਾਨਯੋਗ ਜਿਲਾ ਪੁਲਿਸ ਮੁੱਖੀ ਸ੍ਰੀ ਸਰਤਾਜ ਸਿੰਘ ਚਾਹਲ ਆਈ.ਪੀ.ਐਸ. ਜੀ ਦੇ ਦਿਸ਼ਾ ਨਿਰਦੇਸ਼ਾ ਅਤੇ ਸ੍ਰੀ ਮੁਖਤਿਆਰ ਰਾਏ ਪੀ.ਪੀ.ਐਸ ਪੁਲਿਸ ਕਪਤਾਨ ਤਫਤੀਸ਼ ਹੁਸਿਆਰਪੁਰ, ਸ੍ਰੀ ਪਰਮਜੀਤ ਸਿੰਘ ਪੀ.ਪੀ.ਐਸ ਉਪ ਕਪਤਾਨ ਪੁਲਿਸ ਸਬ ਡਵੀਜਨ ਮੁਕੇਰੀਆਂ ਦੀ ਅਗਵਾਈ ਹੇਠ ਨਸ਼ੀਲੀਆ ਵਸਤੂਆ ਦੀ ਸਮਗਲਿੰਗ ਕਰਨ ਵਾਲੇ ਵਿਅਕਤੀਆਂ ਦੇ ਖਿਲਾਫ ਮੁਹਿੰਮ ਸ਼ੁਰੂ ਕੀਤੀ ਗਈ।

ਇਸ ਮੁਹਿੰਮ ਨੂੰ ਅੱਗੇ ਵਧਾਉਦੇ ਹੋਏ ਇੰਸ. ਹਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਮੁਕੇਰੀਆ ਦੀ ਹਦਾਇਤਾ ਦੀ ਇੰਨ ਬਿੰਨ ਪਾਲਣਾ ਕਰਦੇ ਹੋਏ ਮਿਤੀ 22.04.2022 ਨੂੰ ਏ.ਐਸ.ਆਈ ਸੁਖਦੇਵ ਸਿੰਘ ਸਮੇਤ ਸਾਥੀ ਕਰਮਚਾਰੀਆ ਦੇ ਗਸ਼ਤ ਦੇ ਸਬੰਧ ਵਿੱਚ ਅੱਡਾ ਭੱਟੀਆ ਰਾਜਪੂਤਾ ਮੋਜੂਦ ਸੀ ਤਾ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪਿੰਡ ਤੂਰਾ ਵਿਖੇ ਮਮਤਾ ਪਤਨੀ ਮਲਕੀਤ ਸਿੰਘ ਵਾਸੀ ਤੂਰਾ ਥਾਣਾ ਮੁਕੇਰੀਆ ਅਤੇ ਲਵਲੀ ਪਤਨੀ ਸੇਵਾ ਦਾਸ ਅਤੇ ਸੇਵਾ ਦਾਸ ਪੁੱਤਰ ਦੇਵ ਰਾਜ ਵਾਸੀਆਨ ਤੂਰਾ ਥਾਣਾ ਮੁਕੇਰੀਆ ਜਿਲਾ ਹੁਸਿਆਰਪੁਰ ਨਾਲ ਮਿਲ ਕੇ ਡੋਡੇ ਚੂਰਾ ਪੋਸਤ ਵੇਚਣ ਦਾ ਧੰਦਾ ਦਾ ਕਰਦੀ ਹੈ। ਜੇਕਰ ਹੁਣੇ ਰੇਡ ਕੀਤਾ ਜਾਵੇ ਤਾ ਭਾਰੀ ਤਦਾਦ ਵਿੱਚ ਡੋਡੇ ਚੂਰਾ ਪੋਸਤ ਬਰਾਮਦ ਕੀਤੇ ਜਾ ਸਕਦੇ ਹਨ। ਜਿਸ ਤੇ ਪਿੰਡ ਤੂਰਾ ਮਮਤਾ ਦੇ ਘਰ ਦੇ ਬਾਹਰ ਦੋ ਔਰਤਾ ਅਤੇ ਇੱਕ ਵਿਅਕਤੀ ਬੋਰਾ ਪਲਾਸਟਿਕ ਰੱਖ ਕੇ ਗਾਹਕਾ ਦੀ ਉਡੀਕ ਕਰ ਰਹੇ ਹਨ ਜੋ ਪੁਲਿਸ ਪਾਰਟੀ ਵੇਖ ਕੇ ਇੱਕ ਔਰਤ ਬੋਰਾ ਪਲਾਸਟਿਕ ਚੱਕ ਕੇ ਘਰ ਵੱਲ ਨੂੰ ਦੋੜ ਪਾਈ ਅਤੇ ਇੱਕ ਔਰਤ ਅਤੇ ਵਿਅਕਤੀ ਪਿੰਡ ਵੱਲ ਭੱਜ ਗਏ ਜੋ ਔਰਤ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣੇ ਨਾਮ ਮਮਤਾ ਪਤਨੀ ਮਲਕੀਤ ਸਿੰਘ ਵਾਸੀ ਤੂਰਾ ਥਾਣਾ ਮੁਕੇਰੀਆ ਦੱਸਿਆ ਜੋ ਬੋਰੇ ਪਲਾਸਟਿਕ ਦੀ ਤਲਾਸ਼ੀ ਕਰਨ ਤੇ ਉਸ ਵਿੱਚੋ 20 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਬਰਾਮਦ ਹੋਏ ਅਤੇ ਮਮਤਾ ਉਕਤੀਆ ਨੇ ਭੱਜੇ ਹੋਏ ਔਰਤ ਅਤੇ ਵਿਅਕਤੀ ਦਾ ਨਾਮ ਲਵਲੀ ਪਤਨੀ ਸੇਵਾ ਦਾਸ ਅਤੇ ਸੇਵਾ ਦਾਸ ਪੁੱਤਰ ਦੇਵ ਰਾਜ ਵਾਸੀਆਨ ਤੂਰਾ ਥਾਣਾ ਮੁਕੇਰੀਆ ਜਿਲ ਹੁਸਿਆਰਪੁਰ ਦੱਸਿਆ। ਜਿਹਨਾ ਦੀ ਗ੍ਰਿਫਤਾਰੀ ਲਈ ਰੇਡ ਕੀਤੇ ਜਾ ਰਹੇ ਹਨ। ਮਮਤਾ ਉਕਤੀਆ ਨੂੰ ਮਾਨਯੋ ਅਦਾਲਤ ਵਿੱਚ ਪੇਸ਼ ਕਰਕੇ ਕੇਦਰੀ ਜੇਲ ਹੁਸਿਆਰਪੁਰ ਬੰਦ ਕਰਾਇਆ ਗਿਆ ਹੈ।

ਰਾਮਦਗੀ ਦਾ ਵੇਰਵਾ
ਡੇ ਚੂਰਾ ਪੋਸਤ = 20 ਕਿਲੋਗ੍ਰਾਮ